**ਮਿਤੀ 21.2.2012 ਨੂੰ ਦੁਪਹਿਰ ਤੋਂ ਬਾਅਦ 3.00 ਵਜੇ ਮੁੱਖ ਇੰਜੀਨੀਅਰ (ਇਮਾਰਤਾਂ) ਲੋਕ ਨਿਰਮਾਣ ਵਿਭਾਗ ਦੀ ਪ੍ਰਧਾਨਗੀ ਹੇਠ Co-ordination Committee ਦੀ ਹੋਈ ਮੀਟਿੰਗ ਦੇ ਮਿਨਟਸ।**

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਨੇ ਭਾਗ ਲਿਆ :-

1. ਮੁੱਖ ਇੰਜੀਨੀਅਰ (ਇਮਾਰਤਾਂ),
ਪੰਜਾਬ ਲੋ: ਨਿ: ਵਿ: ਭ ਤੇ ਮ ਸ਼ਾਖਾ,
ਚੰਡੀਗੜ੍ਹ।

2. ਇੰਜ: ਐਚ.ਐਲ. ਗੁਪਤਾ,
ਕਾਰਜਕਾਰੀ ਇੰਜੀਨੀਅਰ, ਮੁੱਖ ਦਫਤਰ,
ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ,
ਪਟਿਆਲਾ।

ਮੀਟਿੰਗ ਵਿੱਚ ਵੱਖ ਵੱਖ ਨੁਕਤਿਆਂ ਤੇ ਹੇਠ ਲਿਖੇ ਅਨੁਸਾਰ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ।

1. ਚਲ ਰਹੇ ਕੰਮਾ ਦੀਆਂ ਜਿਲ੍ਹਾ ਵਾਈਜ਼ ਸੂਚੀਆਂ ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਨੂੰ ਦਿੱਤੀਆਂ ਗਈਆਂ। ਸਾਰੇ ਕੰਮਾਂ ਦੀ ਪ੍ਰਸ਼ਾਸਕੀ ਪ੍ਰਵਾਨਗੀ, ਜਮ੍ਹਾਂ ਰਾਸ਼ੀ ਬਾਰੇ ਸੂਚੀਆਂ ਵਿੱਚ ਦਰਸਾਇਆ ਹੋਇਆ ਸੀ।

ਪਲਾਨ ਹੈੱਡ ਦੇ ਫੰਡਜ਼ ਸਬੰਧੀ ਵਿਚਾਰ ਵਟਾਦਰਾਂ ਕੀਤਾ ਗਿਆ ਕਿ ਮੁੱਖ ਇੰਜੀਨੀਅਰ (ਇਮਾਰਤਾਂ) ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਚੰਡੀਗੜ੍ਹ ਵਲੋਂ ਵਰਕਵਾਈਜ਼ ਐਲ.ਓ.ਸੀ. ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼ ਨੂੰ ਜਾਰੀ ਕੀਤੀ ਜਾਇਆ ਕਰੇਗੀ।

ਜਮ੍ਹਾਂ ਰਾਸ਼ੀਆਂ ਦੇ ਕੰਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਸਬੰਧਤ ਵਿਭਾਗਾਂ ਵਲੋਂ ਕੁੱਲ ਰਾਸ਼ੀ ਕਾਰਜਕਾਰੀ ਇੰਜੀਨੀਅਰ, ਬੀ ਐਂਡ ਆਰ. ਕੋਲ ਜਮ੍ਹਾਂ ਕਰਵਾਈ ਜਾਂਦੀ ਹੈ। ਅੱਗੇ ਤੋਂ ਕਾਰਜਕਾਰੀ ਇੰਜੀਨੀਅਰ, ਬੀ ਐਂਡ ਆਰ ਵਲੋਂ ਸਬੰਧਤ ਕਾਰਜਕਾਰੀ ਇੰਜੀਨੀਅਰ, (DWSS) ਨੂੰ ਬਣਦੇ ਪ੍ਰੋਪੋਰਸ਼ਨ ਅਨੁਸਾਰ ਰਾਸ਼ੀ ਟਰਾਂਸਫਰ ਕਰਿਆ ਕਰਨਗੇ।

ਪ੍ਰਸ਼ਾਸਕੀ ਪ੍ਰਵਾਨਗੀ ਅਤੇ ਨਵੇਂ ਕੰਮਾਂ ਦੇ ਸਬੰਧ ਵਿੱਚ ਵਿਚਾਰ ਵਟਾਦਰਾਂ ਕੀਤਾ ਗਿਆ ਕਿ ਜਦੋਂ ਕਿ ਨਵੇਂ ਕੰਮ ਦ ਜਰੂਰਤ ਕਿਸੇ ਵਿਭਾਗ ਤੋਂ ਜਾਂ ਆਰਕੀਟੈਕਟ ਵਿਭਾਗ ਤੋਂ ਡਰਾਇੰਗਾਂ ਪ੍ਰਾਪਤ ਹੁੰਦੀਆਂ ਹਨ ਤਾਂ DWSS ਨਾਲ ਸਬੰਧਤ ਅਨੁਮਾਨ ਤਿਆਰ ਕਰਨ ਲਈ ਤੁਰੰਤ ਸਬੰਧਤ ਕਾਰਜਕਾਰੀ ਇੰਜੀਨੀਅਰ, ਬੀਐਂਡਆਰ/ ਕਾਰਜਕਾਰੀ ਇੰਜੀਨੀਅਰ, (DWSS) ਨੂੰ ਲਿਖਿਆ ਜਾਵੇਗਾ/ਕਨਵੇਅ ਕੀਤਾ ਜਾਵੇਗਾ। ਮੀਟਿੰਗ ਦੋਰਾਨ, ਮੁੱਖ ਆਰਕੀਟੈਕਟ, ਆਰਕੀਟੈਕਟ ਵਿਭਾਗ, ਪੰਜਾਬ ਨਾਲ ਟੈਲੀਫੋਨ ਤੇ ਸੰਪਰਕ ਕੀਤਾ ਗਿਆ, ਉਨਾਂ ਵਲੋਂ ਭਰੋਸਾ ਦਿਵਾਇਆ ਗਿਆ ਕਿ ਸਾਰੇ ਕੰਮਾਂ ਦੀਆਂ ਡਰਾਇੰਗਾ ਦੀ ਕਾਪੀ DWSS ਨੂੰ ਭੇਜਣੀ ਯਕੀਨੀ ਜਾਵੇਗੀ। ਇਸੇ ਪ੍ਰਕਾਰ ਜਦੋਂ ਕਿਸੇ ਨਵੇਂ ਕੰਮ ਦੀ ਪ੍ਰਸਾਸਕੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ ਤਾਂ ਲੋਕ ਨਿਰਮਾਣ ਵਿਭਾਗ ਵਲੋਂ ਉਸਦੀ ਕਾਪੀ ਤੁਰੰਤ DWSS ਨੂੰ ਭੇਜੀ ਜਾਵੇਗੀ।

ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਦੇ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਵਲੋਂ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਨੂੰ ਲੋੜੀਂਦੇ ਅਨੁਮਾਨ ਸਮੇਂ ਸਿਰ ਮੁਹੱਈਆ ਕਰਵਾਇਆ ਕਰਨਗੇ।

ਪੰਜਾਬ ਵਿੱਚ ਵੱਖ ਵੱਖ ਥਾਵਾਂ ਤੇ ਉਸਾਰੀ ਅਧੀਨ 30 ਬੈਡਿਡ ਸੀ.ਐਚ.ਸੀ. ਇਮਾਰਤਾਂ ਦੇ ਬਾਰੇ, ਵਿਚਾਰ ਵਟਾਦਰਾਂ ਕੀਤਾ ਗਿਆ ਸਬੰਧਤ ਕਾਰਜਕਾਰੀ ਇੰਜੀਨੀਅਰ, ਬੀ.ਐਂਡਆਰ. ਵਲੋਂ ਸਬੰਧਤ ਕਾਰਜਕਾਰੀ ਇੰਜੀਨੀਅਰ, (DWSS) ਨੂੰ ਅਲਾਟਮੈਂਟ ਪੱਤਰਾਂ ਦੀਆਂ ਕਾਪੀਆਂ ਭੇਜਣਗੇ।

ਉਸਾਰੀ ਅਧੀਨ ਵੱਖ ਵੱਖ ਕੰਮਾਂ ਦੇ ਡਿਟੇਲਡ ਅਨੁਮਾਨਾਂ ਦੀ ਤਕਨੀਕੀ ਮੰਨਜੂਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਕਿ DWSS ਨਾਲ ਸਬੰਧਤ ਡਿਟੇਲ ਅਨੁਮਾਨ ਸਬੰਧਤ ਕਾਰਜਕਾਰੀ ਇੰਜੀਨੀਅਰ ਵਲੋਂ ਸਮਰੱਥ ਅਧਿਕਾਰੀ ਤੋਂ ਤਕਨੀਕੀ ਮੰਨਜੂਰ ਕਰਵਾਕੇ 30 ਅਪਰੈਲ 2012 ਤੱਕ ਸਬੰਧਤ ਕਾਰਜਕਾਰੀ ਇੰਜੀਨੀਅਰ, ਬੀ. ਐਂਡ ਆਰ ਨੂੰ ਮੁਹਈਆ ਕਰਾਉਣੇ ਯਕੀਨੀ ਬਨਾਉਣਗੇ।

**ਹੁਸ਼ਿਆਰਪੁਰ ਵਿਖੇ ਇੰਜੀਨੀਰਿੰਗ ਡਿਗਰੀ ਕਾਲਜ ਅਤੇ ਪੋਲਟੈਕਨਿਕ ਦੀ ਉਸਾਰੀ:**

ਇਸ ਕੰਮ ਦੇ ਸਬੰਧ ਵਿੱਚ ਵਟਾਂਦਰਾ ਕੀਤਾ ਗਿਆ ਮੁੱਖ ਇੰਜੀਨੀਅਰ (ਨਾਰਥ) ਕੋ–ਆਰਡੀਨੇਟਰ ਬਿਲਡਿੰਗਜ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਦੱਸਿਆ ਗਿਆ ਕਿ ਵਿਚਾਰ ਅਧੀਨ ਇਮਾਰਤ ਵਿੱਚ ਪਾਣੀ ਦੀ ਮੁਸ਼ਕਲ ਹੈ। ਉਸਾਰੀ ਅਧੀਨ ਇਮਾਰਤ ਦੇ ਅਨੁਮਾਨ ਵਿੱਚ ਜਨ ਸਿਹਤ ਸੇਵਾਵਾਂ ਲਈ ਵੀ ਵਿਵਸਥਾ ਹੈ। ਜਿਸ ਵਿੱਚ ਟਿਊਬਵੈਲ ਲਗਾਉਣ ਦੀ ਵੀ ਵਿਵਸਥਾ ਹੈ। ਮੁੱਖ ਇੰਜੀਨੀਅਰ (ਇਮਾਰਤਾਂ) ਲੋਕ ਨਿਰਮਾਣ ਵਿਭਾਗ ਵਲੋਂ ਦੱਸਿਆ ਗਿਆ ਹੈ ਕਿ ਫੰਡਜ਼ ਬਹੁਤ ਘੱਟ ਪ੍ਰਾਪਤ ਹੋਏ ਸਨ ਜਿਤਨੀ ਇਮਾਰਤ ਦੀ ਉਸਾਰੀ ਹੋ ਸਕੀ ਮੁਕੰਮਲ ਕਰਕੇ ਹੈਂਡ ਓਵਰ ਕੀਤੀ ਜਾ ਚੁੱਕੀ ਹੈ। ਫਿਰ ਵੀ ਫੈਸਲਾ ਕੀਤਾ ਕਿ ਸਬੰਧਤ ਕਾਰਜਕਾਰੀ ਇੰਜੀਨੀਅਰ, ਬੀ ਐਂਡ ਆਰ ਵਲੋਂ ਸਬੰਧਤ ਕਾਰਜਕਾਰੀ ਇੰਜੀਨੀਅਰ, DWSS ਨੂੰ ਉਪਲਬੱਧ ਰਾਸ਼ੀ ਵਿੱਚ 15.00 ਲੱਖ ਰੁਪਏ ਮੁਹਈਆ ਕਰਵਾਉਣਗੇ ਤਾਂ ਜੋ ਟਿਊਵੈਲ ਦਾ ਪ੍ਰਬੰਧ ਕਰਕੇ ਇਕੋਂ ਸਮੇਂ ਨਵੀਂ ਅਤੇ ਪੁਰਾਣੀ ਇਮਾਰਤਾਂ ਦੋਨੋਂ ਦੀ ਮੁਸ਼ਕਲ ਦੂਰ ਕੀਤੀ ਜਾ ਸਕੇ।

**<u>ਤਲਵਾੜਾ ਵਿਖੇ ਸਰਕਾਰੀ ਕਾਲਜ ਦੀ ਉਸਾਰੀ :</u>**

ਇਸ ਕੰਮ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਦੱਸਿਆ ਗਿਆ ਕਿ ਵਿਚਾਰ ਅਧੀਨ ਇਮਾਰਤ ਜਰੂਰਤ ਅਨੁਸਾਰ 25.00 ਲੱਖ ਰੁਪਏ ਪਹਿਲਾਂ ਹੀ ਉਨ੍ਹਾਂ ਦੇ ਵਿਭਾਗ ਕੋਲ ਜਮ੍ਹਾਂ ਹਨ। ਇਮਾਰਤ ਨੂੰ ਮੁਕੰਮਲ ਕਰਨ ਲਈ 5.00 ਲੱਖ ਰੁਪਏ ਦੀ ਹੋਰ ਜਰੂਰਤ ਹੈ। ਫੈਸਲਾ ਕੀਤਾ ਗਿਆ ਹੈ ਕਿ ਸਬੰਧਤ ਕਾਰਜਕਾਰੀ ਇੰਜੀਨੀਅਰ, ਬੀ.ਐਂਡ ਆਰ. ਵਲੋਂ ਸਬੰਧਤ ਕਾਰਜਕਾਰੀ ਇੰਜੀਨੀਅਰ, (DWSS) ਨੂੰ ਉਪਲਬੱਧ ਰਾਸ਼ੀ ਵਿੱਚ 5.00 ਲੱਖ ਰੁਪਏ ਹੋਰ ਮੁਹੱਈਆਂ ਕਰਵਾਉਣਗੇ।

**<u>ਬਲਾਚੌਰ ਵਿਖੇ ਯੂਨੀਵਰਸਿਟੀ ਕਾਲਜ ਦੀ ਉਸਾਰੀ:</u>**

ਇਸ ਕੰਮ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ, ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਦੱਸਿਆ ਗਿਆ ਹੈ ਕਿ ਉਸਾਰੀ ਅਧੀਨ ਇਮਾਰਤ ਦੀ ਸਾਹੀਟ ਰੋਡ ਤੋਂ ਦੂਜੇ ਪੇ ਦੀ ਸਾਈਟ ਦੀ ਕੁੱਝ ਮੁਸ਼ਕਲ ਹੈ। ਉਸ ਥਾਂ ਤੇ ਮਿਉਂਸਪਲ ਕਾਉਂਸਲ ਦਾ ਕਬਜਾ ਹੈ। ਇਸਦੇ ਸਬੰਧ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ ਨੰ: 2 ਜਲੰਧਰ ਵਲੋਂ ਆਰਕੀਟੈਕਟ ਵਿਭਾਗ, ਸਬੰਧਤ ਕਾਰਜਕਾਰੀ ਇੰਜੀਨੀਅਰ, ਬੀ.ਐਂਡ ਆਰ ਸਬੰਧਤ ਕਾਰਜਕਾਰੀ ਇੰਜੀਨੀਅਰ, (DWSS) ਨਾਲ ਕੋ-ਆਰਡੀਨੇਟ ਕਰਵਾਕੇ ਡਿਸਪੋਜਲ ਦੀ ਥਾਂ ਰੀ-ਲੁਕੇਟ ਕਰਵਾਉਣਗੇ ਤਾਂ ਜੋ ਡਿਸਪੋਜਲ ਦੀ ਉਸਾਰੀ ਦਾ ਕੰਮ ਕੀਤਾ ਜਾ ਸਕੇ।

**<u>ਜਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਉਸਾਰੀ ਅਧੀਨ ਇਮਾਰਤਾਂ ਸਬੰਧੀ:</u>**

ਜਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਉਸਾਰੀ ਅਧੀਨ ਯੂਨੀਵਰਸਿਟੀ ਕਾਲਜ ਚੁੰਨੀ, 30 ਬੈਡਿਡ ਸੀ.ਐਚ.ਸੀ. ਖੇੜ੍ਹਾਂ, 30 ਬੈਡਿਡ ਸੀ.ਐਚ.ਸੀ. ਚਨਾਰਥਲ ਕਲ੍ਹਾਂ, ਪੋਲੀਟੈਕਨਿਕ ਕਾਲਜ, ਰਣਵਾਂ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਵਿਚਾਰ ਕੀਤਾ ਗਿਆ ਕਿ ਇਨ੍ਹਾਂ ਇਮਾਰਤਾਂ ਦੇ ਜਨ ਸਿਹਤ ਸੇਵਾਵਾਂ ਨਾਲ ਸਬੰਧਤ ਕੰਮਾਂ ਦੀ ਰਫਤਾਰ ਬੜੀ ਧੀਮੀ ਚੱਲ ਰਹੀ ਹੈ। ਜਿਸ ਕਾਰਣ ਇਮਾਰਤਾਂ ਮੁਕੰਮਲ ਕਰਨ ਵਿੱਚ ਦੇਰੀ ਹੋ ਰਹੀ ਹੈ। ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਭਰੋਸਾ ਦਿਵਾਇਆ ਗਿਆ ਕਿ ਇਨਾਂ ਇਮਾਰਤਾਂ ਦੇ ਕੰਮਾਂ ਦੀ ਪ੍ਰਗਤੀ ਤੇਜ ਕਰ ਦਿੱਤੀ ਜਾਵੇਗੀ।

**<u>ਜਿਲਾ ਗੁਰਦਾਸਪੁਰ ਵਿਖੇ ਉਸਾਰੀ ਅਧੀਨ ਇਮਾਰਤਾਂ ਅਧੀਨ ਇਮਾਰਤਾਂ ਸਬੰਧੀ:</u>**

ਜਿਲ੍ਹਾ ਗੁਰਦਾਸਪੁਰ ਵਿਖੇ ਉਸਾਰੀ ਅਧੀਨ ਜੁਡੀਸ਼ੀਅਲ ਕੋਰਟ ਕੰਪਲੈਕਸ, ਗੁਰਦਾਸਪੁਰ, ਜੁਡੀਸ਼ੀਅਲ ਕੋਰਟ ਕੰਪਲੈਕਸ, ਬਟਾਲਾ, ਤਹਿਸੀਲ ਕੰਪਲੇਕਸ, ਡੇਰਾ ਬਾਬਾ ਨਾਨਕ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਵਿਚਾਰ ਕੀਤਾ ਗਿਆ ਕਿ ਇਨ੍ਹਾਂ ਇਮਾਰਤਾਂ ਦੇ ਜਨ ਸਿਹਤ ਸੇਵਾਵਾਂ ਨਾਲ ਸਬੰਧਤ ਕੰਮਾਂ ਦੀ ਰਫਤਾਰ ਬੜੀ ਧੀਮੀ ਚੱਲ ਰਹੀ ਹੈ। ਜਿਸ ਕਾਰਣ ਇਮਾਰਤਾਂ ਮੁਕੰਮਲ ਕਰਨ ਵਿੱਚ ਦੇਰੀ ਹੋ ਰਹੀ ਹੈ। ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ਼, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਭਰੋਸਾ ਦਿਵਾਇਆ ਗਿਆ ਕਿ ਇਨ੍ਹਾਂ ਇਮਾਰਤਾਂ ਦੇ ਕੰਮਾਂ ਦੀ ਪ੍ਰਗਤੀ ਤੇਜ ਕਰ ਦਿੱਤੀ ਜਾਵੇਗੀ।

**<u>ਜ਼ਿਲ੍ਹਾ ਪਠਾਨਕੋਟ ਵਿਖੇ ਉਸਾਰੀ ਅਧੀਨ ਇਮਾਰਤਾਂ ਸਬੰਧੀ:</u>**

ਜਿਲ੍ਹਾ ਪਠਾਨਕੋਟ ਵਿਖੇ ਉਸਾਰੀ ਅਧੀਨ ਜੁਡੀਸ਼ੀਅਲ ਕੋਰਟ ਕੰਪਲੈਕਸ, ਪਠਾਨਕੋਟ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਵਿਚਾਰ ਕੀਤਾ ਗਿਆ ਕਿ ਇਸ ਇਮਾਰਤ ਦੇ ਜਨ ਸਿਹਤ ਸੇਵਾਵਾਂ ਨਾਲ ਸਬੰਧਤ ਕੰਮਾਂ ਦੀ ਰਫਤਾਰ ਬੜੀ ਧੀਮੀ ਚੱਲ ਰਹੀ ਹੈ। ਜਿਸ ਕਾਰਣ ਇਮਾਰਤ ਮੁਕੰਮਲ ਕਰਲ ਵਿੱਚ ਦੇਰੀ ਹੋ ਰਹੀ ਹੈ। ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ ਬਿਲਡਿੰਗਜ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਭਰੋਸਾ ਦਿਵਾਇਆ ਗਿਆ ਕਿ ਇਸ ਇਮਾਰਤ ਦੇ ਕੰਮਾਂ ਦੀ ਪ੍ਰਗਤੀ ਤੇਜ ਕਰ ਦਿੱਤੀ ਜਾਵੇਗੀ।

**<u>ਜਿਲਾ ਬਰਨਾਲਾ ਵਿਖੇ ਉਸਾਰੀ ਅਧੀਨ ਇਮਾਰਤਾਂ ਸਬੰਧੀ:</u>**

ਜਿਲ੍ਹਾ ਬਰਨਾਲਾ ਵਿਖੇ ਉਸਾਰੀ ਅਧੀਨ ਜੁਡੀਸ਼ੀਅਲ ਕੋਰਟ ਕੰਪਲੈਕਸ, ਬਰਨਾਲਾ, ਡੀ.ਏ.ਸੀ. ਕੰਪਲੈਕਸ ਬਰਨਾਲਾ, ਜੁਡੀਸ਼ੀਅਲ ਆਫਿਸਰ ਰੈਜੀਡੈਂਸ਼ਜ, ਬਰਨਾਲਾ ਦੀ ਪ੍ਰਗਤੀ ਬਾਰੇ ਵਿਚਾਰ ਵਟਾਂਦਰਾਂ ਕੀਤਾ ਗਿਆ। ਵਿਚਾਰ ਕੀਤਾ ਗਿਆ ਕਿ ਇਨ੍ਹਾਂ ਇਮਾਰਤਾਂ ਦੇ ਬਾਹਰਲੇ ਡਿਵੈਲਪਮੈਂਟ ਦੇ ਕੰਮ ਸ਼ੁਰੂ ਕੀਤੇ ਜਾਣੇ ਹਨ। ਮੁੱਖ ਇੰਜੀਨੀਅਰ (ਨਾਰਥ) ਕੋ-ਆਰਡੀਨੇਟਰ

ਬਿਲਡਿੰਗਜ਼, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਵਲੋਂ ਭਰੋਸਾ ਦਿਵਾਇਆ ਗਿਆ ਕਿ ਇਨ੍ਹਾਂ ਇਮਾਰਤਾਂ ਦੇ ਬਾਹਰਲੀਆਂ ਜਨ ਸਿਹਤ ਸੇਵਾਵਾਂ ਦੇ ਕੰਮਾਂ ਦੇ ਟੈਂਡਰ ਜਲਦੀ ਹੀ ਪ੍ਰਾਪਤ ਕਰਕੇ ਕੰਮ ਸੁਰੂ ਕਰਾਏ ਜਾਣਗੇ।

**ਮੁੱਖ ਇੰਜੀਨੀਅਰ (ਇਮਾਰਤਾਂ),**
**ਪੰਜਾਬ ਲੋ: ਨਿ: ਵਿ: ਭ ਤੇ ਮ ਸ਼ਾਖਾ,**
**ਚੰਡੀਗੜ੍ਹ।**

ਪਿੱਠ ਅੰਕਣ ਨੰ: 7451 /ਸੀ.ਇ.(ਇ) ਮਿਤੀ 1.3.2012

ਉਪਰੋਕਤ ਦਾ ਉਤਾਰਾ ਇੰਜ ਸੁਧੀਰ ਭਾਟੀਆ ਮੁੱਖ ਇੰਜੀਨੀਅਰ (ਨਾਰਥ), ਕੋ-ਆਰਡੀਨੇਟਰ ਬਿਲਡਿੰਗਜ਼ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਟਿਆਲਾ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਮੁੱਖ ਇੰਜੀਨੀਅਰ (ਇਮਾਰਤਾਂ),**
**ਪੰਜਾਬ ਲੋ: ਨਿ: ਵਿ: ਭ ਤੇ ਮ ਸ਼ਾਖਾ,**
**ਚੰਡੀਗੜ੍ਹ।**